**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

**ਵੱਲ**

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ
ਅਤੇ ਡਾਇਟ (ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ,ਫਤਿਹਗੜ੍ਹ ਸਾਹਿਬ )
ਪੰਜਾਬ।

**ਮੀਮੋ ਨੰ: ਏਐਸਪੀ.ਡੀ/ਟੀ.ਟੀ/2010/057613-057649**
**ਮਿਤੀ, ਚੰਡੀਗੜ੍ਹ :08.09.10**

**ਵਿਸ਼ਾ:- ਸਮੂਹ ਵਿਸ਼ਿਆ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਕੰਪਿਊਟਰ ਟ੍ਰੇਨਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ PAB ਵਿੱਚ ਦਸ ਰੋਜ਼ਾ ਮਹੀਨਾਵਾਰ ਮੀਟਿੰਗਜ਼ ਦੇ ਆਯੋਜਨ ਦੀ ਪ੍ਰਵਾਨਗੀ ਹੋਈ ਹੈ।ਇਸ ਦਾ ਮੰਤਵ ਅਧਿਆਪਕਾਂ ਦੇ ਗਿਆਨ ਵਿੱਚ ਵਾਧਾ ਕਰਨਾ ਹੈ।

2.0 ਪੰਜਾਬ ਰਾਜ ਦੇ ਅਧਿਆਪਕਾਂ ਦੀ ਹਮੇਸ਼ਾ ਤੋਂ ਮੰਗ ਰਹੀ ਹੈ ਕਿ ਉਹਨਾਂ ਨੂੰ ਕੰਪਿਊਟਰ ਬਾਰੇ ਵੱਧ ਤੋਂ ਵੱਧ ਜਾਣਕਾਰੀ ਮੁੱਹਈਆ ਕਰਵਾਈ ਜਾਵੇ।ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਤੰਬਰ ਮਹੀਨੇ ਵਿੱਚ (ਤਿੰਨ ਰੋਜ਼ਾ) ਅਤੇ ਦਸੰਬਰ ਮਹੀਨੇ ਵਿੱਚ (ਤਿੰਨ ਰੋਜ਼ਾ) ਅਧਿਆਪਕਾ ਦੀ ਕੰਪਿਊਟਰ ਟ੍ਰੇਨਿੰਗ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਦੀ ਵਿਸਤਾਰਸਹਿਤ ਰੂਪਰੇਖਾ ਹੇਠ ਲਿਖੇ ਅਨੁਸਾਰ ਹੈ:

- **ਟ੍ਰੇਨਿੰਗ ਵਿੱਚ ਭਾਗ ਲੈਣ ਵਾਲੇ ਅਧਿਆਪਕ:-** ਸਮੂਹ ਸਰਕਾਰੀ ਮਿਡਲ ਸਕੂਲ ,ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਾ ਰਹੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਇਹ ਟ੍ਰੇਨਿੰਗ ਕਰਵਾਈ ਜਾਵੇਗੀ ।ਇਸ ਟ੍ਰੇਨਿੰਗ ਵਿੱਚ ਹਰ ਵਿਸ਼ੇ ਦੇ ਅਧਿਆਪਕ ਭਾਗ ਲੈਣਗੇ।
- **ਟ੍ਰੇਨਿੰਗ ਕਿੰਨ੍ਹਾ ਦੁਆਰਾ ਦਿੱਤੀ ਜਾਵੇਗੀ**:- ਇਹ ਟ੍ਰੇਨਿੰਗ ਸਕੂਲ ਵਿੱਚ ਕੰਮ ਕਰ ਰਹੇ ਕੰਪਿਊਟਰ ਟੀਚਰ ਦੁਆਰਾ ਕਰਵਾਈ ਜਾਵੇਗੀ ਅਤੇ ਉਸ ਦੀ ਪ੍ਰੀਖਿਆ ਵਿੱਚ ਡਿਊਟੀ ਨਾ ਲਗਾਈ ਜਾਵੇ।
- **ਟ੍ਰੇਨਿੰਗ ਦਾ ਸਮਾਂ:-** ਪੰਜਾਬ ਰਾਜ ਦੇ ਸਾਰੇ ਸਕੂਲ ਵਿੱਚ ਸਤੰਬਰ ਮਹੀਨੇ ਬੋਰਡ /ਸਮੈਸਟਰ ਪ੍ਰੀਖਿਆਵਾਂ ਹਨ।ਇਸ ਲਈ ਟ੍ਰੇਨਿੰਗ ਦਾ ਸਮਾਂ ਦੁਪਹਿਰ 12.00 ਵਜੇ ਤੋਂ 2.00 ਵਜੇ ਤੱਕ ਹੋਵੇਗਾੈ ਅਤੇ ਦਸੰਬਰ ਮਹੀਨੇ ਵਿੱਚ ਦੁਪਹਿਰ 1.20 ਵਜੇ ਤੋਂ 3.20 ਵਜੇ ਤੱਕ ਹੋਵੇਗਾ।ਅਧਿਆਪਕ ਦੋ ਦਿਨਾਂ ਦੀ ਟ੍ਰੇਨਿੰਗ ਕਰਨ ਤੋਂ ਬਾਅਦ ਇੱਕ ਟ੍ਰੇਨਿੰਗ ਦਿਨ ਲਈ ਯੋਗ ਹੋ ਜਾਵੇਗਾ।ਇਸ ਤਰ੍ਹਾ ਹਰ ਅਧਿਆਪਕ ਬਾਰਾਂ ਦਿਨ ਦੀ ਟ੍ਰੇਨਿੰਗ ਕਰਨ ਉਪਰੰਤ ਟ੍ਰੇਨਿੰਗ ਦੇ ਛੇ ਦਿਨ ਪੂਰੇ ਕਰ ਲੈਣਗੇ।

  ਇਥੇ ਇਹ ਵਰਣਨਯੋਗ ਹੈ ਕਿ ਸਤੰਬਰ ਮਹੀਨੇ ਵਿੱਚ ਕੁੱਝ ਅਧਿਆਪਕ ਦੀ ਡਿਊਟੀ ਬੋਰਡ ਵਲੋਂ

ਕਰਵਾਏ ਜਾ ਰਹੇ ਸਮੈਸਟਰ ਇਮਤਿਹਾਨਾ ਵਿੱਚ ਲੱਗੀ ਹੋ ਸਕਦੀ ਹੈ।ਉਹਨਾਂ ਅਧਿਆਪਕਾਂ ਨੂੰ ਟ੍ਰੇਨਿੰਗ ਤੋਂ ਛੋਟ ਦਿੱਤੀ ਜਾਵੇ ਪਰੰਤੂ ਦਸੰਬਰ ਮਹੀਨੇ ਵਿੱਚ ਸਮੂਹ ਅਧਿਆਪਕਾਂ ਵਲੋਂ ਇਹ ਟ੍ਰੇਨਿੰਗ ਲਈ ਜਾਣੀ ਹੈ।

6. **ਟ੍ਰੇਨਿੰਗ ਦੀ ਸਤੰਬਰ ਮਹੀਨੇ ਦੀ ਸਮਾਂ ਸਾਰਨੀ ਅਤੇ ਟ੍ਰੇਨਿੰਗ ਵਿੱਚ ਕਵਰ ਕੀਤੇ ਜਾਣ ਵਾਲੇ Topics:-**

| Sr.no | Days | Topics |
|---|---|---|
| 1 | **Day- 1** | Fundamatentals and Basic of Computer<br>(a) Assembling of Computer parts<br>(b) Pen drive ,CD,UPS ,Printer etc. |
| 2 | **Day -2** | Power point presentations -<br>Presentation, Pictures formating , Animations |
| 3 | **Day -3** | -------------Do---------------- |
| 4 | **Day -4** | -------------Do---------------- |
| 5 | **Day -5** | Internet and Search Engines |
| 6 | **Day -6** | Objective test (Minimum passing marks 50 %)<br>ਮੁੱਖ ਦਫ਼ਤਰ ਵਲੋਂ ਦਿੱਤਾ ਜਾਵੇਗਾ |

**ਟ੍ਰੇਨਿੰਗ ਦੀ ਦਸੰਬਰ ਮਹੀਨੇ ਦੀ ਸਮਾਂ ਸਾਰਨੀ ਅਤੇ ਟ੍ਰੇਨਿੰਗ ਵਿੱਚ ਕਵਰ ਕੀਤੇ ਜਾਣ ਵਾਲੇ Topics:-**

| Sr.no | Days | Topics |
|---|---|---|
| 1 | **Day- 1** | MS Word |
| 2 | **Day -2** | MS Excel |
| 3 | **Day -3** | -------------Do---------------- |
| 4 | **Day -4** | -------------Do---------------- |
| 5 | **Day -5** | Email-Creating Email ID Serching and receiving attachments |
| 6 | **Day -6** | Objective test (Minimum passing marks 50 %)<br>ਮੁੱਖ ਦਫ਼ਤਰ ਵਲੋਂ ਦਿੱਤਾ ਜਾਵੇਗਾ |

- **ਟ੍ਰੇਨਿੰਗ ਦਾ ਸਥਾਨ :-** ਸਾਰੇ ਅਧਿਆਪਕਾਂ ਨੂੰ ਟ੍ਰੇਨਿੰਗ ਆਪਣੇ ਸਕੂਲ ਵਿੱਚ ਹੀ ਕਰਵਾਈ ਜਾਵੇਗੀ।ਜਿਸ ਸਕੂਲ ਵਿੱਚ ਕੰਪਿਊਟਰ ਟੀਚਰ ਜਾ ਕੰਪਿਊਟਰ ਦੀ ਸੁਵਿਧਾ ਨਾ ਹੋਵੇ ਉਹਨਾ ਨੂੰ ਟ੍ਰੇਨਿੰਗ ਕਿਸੇ ਨੇੜਲੇ ਸਰਕਾਰੀ ਸਕੂਲ ਜਿਥੇ ਕੰਪਿਊਟਰ ਟੀਚਰ/ਕੰਪਿਊਟਰ ਲੈਬ ਦਾ ਉਚਿਤ ਪ੍ਰਬੰਧ ਹੋਵੇ ਉਥੇ ਕਰਵਾਈ ਜਾਵੇਗੀ।ਇਹ ਟ੍ਰੇਨਿੰਗ ਅਧਿਆਪਕਾਂ ਦੀ ਸੁਵਿਧਾ ਅਨੁਸਾਰ ਚਲੇਗੀ ਭਾਵ ਟ੍ਰੇਨਿੰਗ ਲਈ ਮਿਥੇ ਗਏ ਸਮੇਂ ਵਿੱਚ ਅਧਿਆਪਕ ਕੋਈ ਵੀ ਛੇ ਦਿਨ ਟ੍ਰੇਨਿੰਗ ਲੈ ਸਕਦਾ ਹੈ।

4. **ਟ੍ਰੇਨਿੰਗ ਤੇ ਆਉਣ ਵਾਲਾ ਖਰਚਾ:-** ਟ੍ਰੇਨਿੰਗ ਤੇ ਆਉਣ ਵਾਲਾ ਖਰਚਾ ਮਹੀਨਾਵਾਰ ਮੀਟਿੰਗਜ਼ ਦੇ ਨਿਯਮਾ ਅਧੀਨ 50 ਰੁ: ਪ੍ਰਤੀ ਟ੍ਰੇਨਿੰਗ ਦਿਨ ਦੇ ਹਿਸਾਬ ਨਾਲ ਕੀਤਾ ਜਾ ਸਕਦਾ ਹੈ। **ਇਸ 50 ਰੁ:/- ਵਿੱਚੋ :-**

**ੳ)** 30 ਰੁ:/- ਪ੍ਰਤੀ ਟ੍ਰੇਨਿੰਗ ਪ੍ਰਤੀ ਦਿਨ ਪ੍ਰਤੀ ਅਧਿਆਪਕ ਦੇ ਹਿਸਾਬ ਨਾਲ ਕੰਪਿਊਟਰ ਫਕੈਲਟੀ ਨੂੰ ਅਦਾ ਕੀਤੇ ਜਾ ਸਕਦੇ ਹਨ।

**ਅ)** 15 ਰੁ: ਪ੍ਰਤੀ ਅਧਿਆਪਕ ਪ੍ਰਤੀ ਟ੍ਰੇਨਿੰਗ ਦਿਨ ਦੇ ਹਿਸਾਬ ਨਾਲ ਅਧਿਆਪਕ ਨੂੰ ਦਿੱਤੇ ਜਾ ਸਕਦੇ ਹਨ।

**ੲ)** ਬਾਕੀ 5 ਰੁ:/ ਪ੍ਰਤੀ ਅਧਿਆਪਕ ਪ੍ਰਤੀ ਟ੍ਰੇਨਿੰਗ ਦਿਨ GISTC/DIETs ਦੀ ਮੋਨੀਟਰਿੰਗ ਅਤੇ ਫੁੱਟਕਲ ਖਰਚੇ ਲਈ

ਇਹ ਖਰਚਾ GISTC/DIETs ਦੇ ਪ੍ਰਿੰਸੀਪਲ ਦੁਆਰਾ ਕੀਤਾ ਜਾਵੇਗਾ।ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਦੀ ਹਾਜ਼ਰੀ ਸਕੂਲ ਮੁੱਖੀ ਦੁਆਰਾ GISTC/DIET ਨੂੰ 27 ਸਤੰਬਰ 2010 ਤੱਕ ਅਤੇ 24 ਦਸੰਬਰ 2010 ਤੱਕ ਪੁੱਜਦਾ ਕੀਤੀ ਜਾਵੇਗੀ। ਪ੍ਰਿੰਸੀਪਲ GISTC/DIETs ਇਹ ਸੁਨਿਸ਼ਚਿਤ ਕਰੇਗਾ ਕਿ ਉਸ ਕੋਲ ਸਾਰੇ ਅਧਿਆਪਕਾਂ ਦੀ ਹਾਜ਼ਰੀ ਰਿਪੋਰਟ ਅਤੇ ਅਧਿਆਪਕਾਂ ਦੀ ਟ੍ਰੇਨਿੰਗ ਸਬੰਧੀ
ਹਰੇਕ ਸਕੂਲ ਮੁੱਖੀ ਦਾ ਸਰਟੀਫਿਕੇਟ ਪਹੁੰਚ ਗਿਆ ਹੈ ਅਤੇ ਉਸ ਦੇ ਆਧਾਰ ਤੇ ਪ੍ਰਿੰਸੀਪਲ GISTC/DIET ਦੁਆਰਾ ਹਰ ਅਧਿਆਪਕ ਅਤੇ ਕੰਪਿਊਟਰ ਫਕੈਲਟੀ ਨੂੰ ਰਾਸ਼ੀ ਮੁਹੱਈਆ ਕਰਵਾਉਣਗੇ।ਸਤੰਬਰ ਮਹੀਨੇ ਦੀ ਰਾਸ਼ੀ 30 ਸਤੰਬਰ 2010 ਤੱਕ ਅਤੇ ਦਸੰਬਰ ਮਹੀਨੇ ਦੀ 5 ਜਨਵਰੀ 2011 ਤੱਕ ਹਰ ਅਧਿਆਪਕ /ਕੰਪਿਊਟਰ ਫਕੈਲਟੀ ਤੱਕ ਪਹੁੰਚ ਜਾਵੇ।

- **ਟ੍ਰੇਨਿੰਗ ਦੀਆਂ ਮਿਤੀਆਂ :-** ਅਧਿਆਪਕ ਦੀ ਸਹੂਲੀਅਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਟ੍ਰੇਨਿੰਗ ਸਤੰਬਰ ਮਹੀਨੇ ਵਿੱਚ ਮਿਤੀ:13.09.10 ਤੋਂ 24.09.10 ਤੱਕ ਕਰਵਾਈ ਜਾਵੇਗੀ ਅਤੇ ਦਸੰਬਰ ਮਹੀਨੇ ਵਿੱਚ ਵੀ ਇਹ ਟ੍ਰੇਨਿੰਗ ਪ੍ਰੀਖਿਆ ਦੌਰਾਨ ਕਰਵਾਈ ਜਾਵੇਗੀ।ਇਸ ਸਮੇਂ ਦੌਰਾਨ ਹਰ ਅਧਿਆਪਕ ਦੇ (ਬਾਰਾਂ ਦਿਨਾਂ ਦੀ ਦੋ ਘੰਟੇ ਦੀ ਟ੍ਰੇਨਿੰਗ ਅਨੁਸਾਰ) ਛੇ ਟ੍ਰੇਨਿੰਗ ਦਿਨ ਪੂਰੇ ਹੋ ਜਾਣਗੇ
- **ਟ੍ਰੇਨਿੰਗ ਦੇ ਦਿਨਾਂ ਦੀ Calculation** :- ਹਰ ਅਧਿਆਪਕ ਲਈ ਦੋ ਘੰਟੇ ਦੀ ਟ੍ਰੇਨਿੰਗ ਪ੍ਰਤੀ ਦਿਨ ਹੋਵੇਗੀ ਅਤੇ ਬਾਰਾਂ ਦਿਨਾਂ ਦੀ ਟ੍ਰੇਨਿੰਗ ਪ੍ਰਾਪਤ ਕਰਨ ਉਪਰੰਤ ਛੇ ਟ੍ਰੇਨਿੰਗ ਦਿਨ ਗਿਣੇ ਜਾਣਗੇ।ਹਰ ਕੰਪਿਊਟਰ ਟੀਚਰ, ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਦੀ ਹਾਜ਼ਰੀ ਇੱਕ ਰਜਿਸਟਰ ਵਿੱਚ ਲਗਵਾਏਗਾ ਜਿਸ ਵਿੰਚ ਲੈਬ ਵਿੱਚ ਆਉਣ ਦਾ ਸਮਾਂ ਅਤੇ ਲੈਬ ਛੱਡਣ ਦਾ ਸਮਾਂ ਅੰਕਿਤ ਕੀਤਾ ਜਾਵੇਗਾ।

3.0 ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010/057650-057651 ਮਿਤੀ:08.09.10**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਰਾਜ ਦੇ ਸਮੂਹ ਸਕੂਲ ਮੁੱਖੀ (Web Site ਰਾਹੀ)
2. DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**Encl:- Day wise time table**

ਵਿਸ਼ਾ:- ਮਿਤੀ:13.09.10 ਤੋਂ 24.09.10 ਤੱਕ ਸਮੂਹ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਕਰਵਾਈ ਜਾ ਰਹੀ ਕੰਪਿਊਟਰ ਟ੍ਰੇਨਿੰਗ ਦੀ ਸਮਾਂ-ਸਾਰਨੀ ਸਬੰਧੀ।

1.0 ਮੁੱਖ ਦਫ਼ਤਰ ਵਲੋਂ ਸਮੂਹ ਸਰਕਾਰੀ ਸਕੂਲਾਂ ਦੀ ਕੰਪਿਊਟਰ ਫੈਕਲਟੀ (ਜਿਹਨਾਂ ਦੁਆਰਾ ਮਿਤੀ:13.09.10 ਤੋਂ 24.09.10 ਤੱਕ ਸਮੂਹ ਵਿਸ਼ਿਆ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟ੍ਰੇਨਿੰਗ ਦੌਰਾਨ ਦਿਨ ਵਾਰ ਵਿਸਥਾਰ ਵਿੱਚ ਪੜਾਏ ਜਾਣ ਵਾਲੇ ਵਿਸ਼ੇ ਹੇਠ ਅਨੁਸਾਰ ਹਨ :-

**Day -1 :**

- Fundamental of Computer
- Connecting the parts of The PC
- How to start and turn off the Computer
- Memory management
- Introduction to Windows

**Day -2**

- Introduction of Power Point '
- Creating the PPTs in Power Point
- Opening, Saving and Closing of PPTs

**Day- 3**

- Recaptulation
- Formatting in Power Point
- Inserting ,resizing and moving Pictures
- Animation Schemes

**Day-4**

- Recapulation
- Slide transition
- Costume animations

**Day-5**

- Introduction to internet
- Exploring Internet
- Introduction to Search Engine & Searching Specific topics
- Exercise e.g. Searching SSA site , DPI site, PSEB Site etc.

**Day -6**

- Revision --- ------- one hour
- Test ------------- one hour

(Paper will be sent by Head office on 24.09.10)

ਉਪਰੋਕਤ ਸਮਾਂ ਸਾਰਨੀ ਵਿੱਚ ਕੋਈ ਤਬਦੀਲੀ ਨਾ ਕੀਤੀ ਜਾਵੇ ।

ਏ.ਐਸ.ਪੀ.ਡੀ (ਟੀ.ਟੀ )
ਦਫਤਰ ਸਰਵ ਸਿੱਖਿਆ ਅਭਿਆਨ ,ਅਥਾਰਟੀ ,ਪੰਜਾਬ
ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ,
ਸੈਕਟਰ-34 ਏ, ਚੰਡੀਗੜ੍ਹ